# ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ੧੩੦ਵਾਂ ਜਨਮ ਦਿਵਸ ਮਨਾਇਆ

ਪਿਛਲੇ ਦਿਨੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ੧੩੦ਵੇਂ ਜਨਮ ਦਿਵਸ ਦੇ ਮੌਕੇ 'ਤੇ ਸ੍ਰੀ ਵਿਜੇ ਕਪੂਰ ਲੈਫ: ਗਵਰਨਰ, ਦਿੱਲੀ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਾਨੂੰ ਇਹਨਾਂ ਰਚਨਾਵਾਂ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਉਹਨਾਂ ਇਸ ਕੰਮ ਲਈ ਸਾਹਿਤ ਸਦਨ ਵਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਲਾਹਿਆ ਅਤੇ ਸਦਨ ਨੂੰ ਇੱਕ ਅਨੂਠੀ ਸੰਸਥਾ ਆਖਿਆ। ਵਰਨਣਯੋਗ ਹੈ ਕਿ ਸ੍ਰੀ ਵਿਜੇ ਕਪੂਰ ਨੇ ਇਸ ਤੋਂ ਪਹਿਲਾਂ ਸਾਹਿਤ ਸਦਨ ਦੀਆਂ ਪ੍ਰਕਾਸ਼ਨਾਵਾਂ ਦਾ ਵਿਮੋਚਨ ਵੀ ਕੀਤਾ ਅਤੇ ਪੁਸਤਕਾਂ ਦੇ ਸੈਟ ਪੀਰ ਹਸਨ ਸਾਨੀ ਨਿਜ਼ਾਮੀ ਦਰਗਾਹ ਹਜ਼ਰਤ ਨਿਜ਼ਾਮੂਦੀਨ ਔਲੀਆ, ਭਗਤੀ ਸਵਰੂਪ ਦਮੋਦਰ ਸੁਆਮੀ ਡਾਇਰੈਕਟਰ ਭਗਤੀ ਵੇਦਾਂਤ ਇੰਸਟੀਚਿਊਟ ਕਲਕੱਤਾ ਅਤੇ ਕਰਮ ਮਸੀਹ, ਬਿਸਪ ਆਫ ਨਾਰਥ ਇੰਡੀਆ ਨੂੰ ਭੇਟ ਕੀਤੇ। ਇਸ ਸਮਾਗਮ ਦੀ ਆਰੰਭਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਮਹਿਰੌਲੀ ਦੇ ਵਿਦਿਆਰਥੀਆਂ ਨੇ ਇੱਕ ਦਸੰਬਰ ਨੂੰ ਸਹਿਜ ਪਾਠ ਦੀ ਆਰੰਭਤਾ ਨਾਲ ਕੀਤੀ ਅਤੇ ੫ ਦਸੰਬਰ ਨੂੰ ਸਵੇਰੇ ਭੋਗ ਪਾਇਆ ਗਿਆ ਉਪਰੰਤ ਭਾਈ ਮੇਹਰ ਸਿੰਘ ਰਾਮਾ ਜੀ ਅਤੇ ਭਾਈ ਚਮਨਜੀਤ ਸਿੰਘ ਲਾਲ ਦੇ ਜਥਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਦੀ ਕਵਿਤਾ ਅਤੇ ਸੰਦੇਸ਼ ਕ੍ਰਮਵਾਰ ਸਰਦਾਰਨੀ ਤਰਨਜੀਤ ਕੌਰ ਅਤੇ ਸਰਦਾਰਨੀ ਸਿਮਲ ਜੋਗਿੰਦਰ ਸਿੰਘ ਨੇ ਸੰਗਤਾਂ ਨੂੰ ਸਰਵਨ ਕਰਾਇਆ। ਡਾ: ਕਰਨਜੀਤ ਸਿੰਘ ਜਾਇੰਟ ਸੈਕਟਰੀ ਸਾਹਿਤ ਸਦਨ ਨੇ ਭਾਈ ਵੀਰ ਸਿੰਘ ਜੀ ਦੀ ਸਾਹਿਤਕ ਦੇਣ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਚੇਤੇ ਰਹੇ ਕਿ ਇਸ ਮੌਕੇ ਤੇ ਮੁੱਖ ਮਹਿਮਾਨ ਲੈਫ: ਗਵਰਨਰ ਸ੍ਰੀ ਵਿਜੇ ਕਪੂਰ ਨੂੰ ਸਹਿਤ ਸਦਨ ਦੇ ਪ੍ਰਧਾਨ ਡਾ: ਮਨਮੋਹਨ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਅਤੇ ਜਨਰਲ ਸਕੱਤਰ ਡਾ: ਜਸਵੰਤ ਸਿੰਘ ਨੇਕੀ ਨੇ ਪੁਸਤਕ ਦੇ ਸੈਟ ਨਾਲ ਸਨਮਾਨਿਤ ਕੀਤਾ।